ਗੁਰਦੁਆਰਾ ਸਾਹਿਬ ਅਕਾਲ ਜੋਤ ਸ਼ਹੀਦਾਂ ਵਿਖੇ ਦਾਢੀ ਦਰਬਾਰ ਕਰਾਇਆ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਨੌਹਰਾਣੀ)- ਗੁਰਦੁਆਰਾ ਸਾਹਿਬ ਅਕਾਲਮੰਡਲ ਸ਼ਹੀਦਾਂ ਪਿੰਡ ਛਾਪਾ ਵਿਖੇ ਗੁਰੂ ਕੰਗੜੇ ਦੀ ਯਾਦ ਵਿਚ ਦੋ ਰੋਜ਼ਾ ਦਿਵਸ ਤੇ ਭਾਈ ਸੁਖਜੋਤ ਸਿੰਘ, ਭਾਈ ਸਹਿਬਜਸ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਬਿਸਾਲ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ। ਸ਼ਹੀਦਾਂ ਸਾਹਿਬ ਪਾਠ ਦੇ ਭੋਗ ਉਪਰੰਤ ਬੀਬੀ ਕੰਵਲ ਜਥਿਆਂ ਨੇ ਮਹੰਗਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁਲੰਪਿ ਢਾਡੀ ਕਰਨੈਲ ਸਿੰਘ ਛਾਪਾ ਵਾਲੇ ਢਾਡੀ ਗੁਰਜੰਟ ਸਿੰਘ ਛਾਪਾ ਦੀ ਅਗਵਾਈ ਹੇਠ ਕਰਾਏ ਗਏ ਢਾਡੀ ਦਰਬਾਰ ਵਿਚ ਪ੍ਰਸਿੱਧ ਢਾਡੀ ਇੰਟਰਨਾਸ਼ਨਲ ਸਵੰਦਾਰ ਸਾਧੂ ਸਿੰਘ ਨੁਰੀਕੇਵਾਲ, ਭਾਈ ਸੁਖਿਵਦਰ ਸਿੰਘ ਸਰੋਤ, ਕਿਸਾਨਾਂ ਗੁਰਮੇਲ ਸਿੰਘ ਕਲੇਰਕੇ, ਢਾਡੀ ਬੀਰਜ ਸਿੰਘ ਖਡਕਾ ਬਾਦਲ ਗੁਰਮੀ ਘਾਲੇ, ਢਾਡੀ ਗੁਰਮੀਤ ਸਿੰਘ ਛਾਪਾ ਆਦਿ ਜਥਿਆਂ ਨੇ ਸੁਰੀਲਾਂ ਦੀਆਂ ਵਾਰਾਂ ਪੰਥ ਕਰਕੇ ਸਮੂਹ ਸੰਗਤਾਂ ਨੂੰ ਗੁਰੂ ਸਹਿਬਾਨ ਦੀਆਂ ਸਿਖਿਆਵਾਂ ਅਨੁਸਾਰ ਗੁਰਮੀਤੀ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਗੁਰਦੁਆਰਾ ਸਾਹਿਬ ਛੋਟੀ ਪਾਤਸ਼ਾਹੀ ਮਹਿਲ ਕਲਾਂ ਦੇ ਪ੍ਰਧਾਨ ਬਾਬਾ ਜੋਰ ਸਿੰਘ ਖਾਲਸਾ ਨੇ ਪ੍ਰਬੰਧਕਾਂ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਢਾਡੀ ਕਰਨੈਲ ਸਿੰਘ ਛਾਪਾ ਵਾਲੇ ਲੋਕ ਸਾਂਝ ਤੋਂ ਢਾਡੀ ਕਲਾ ਪ੍ਰਤੀ ਨੌਜਵਾਨ ਵਰਗ ਨੂੰ ਉਤਸ਼ਾਹਤ ਕਰਕੇ ਇਸ ਖੇਤਰ ਨਾਲ ਜੋੜਣ ਲਈ ਕੀਤੇ ਜਾ ਰਹੇ ਉਪਰਾਲੇ ਸਲਾਹੁਣਯੋਗ ਹਨ। ਉਨ੍ਹਾਂ ਤੋਂ ਸਿੱਖਿਆ ਪ੍ਰਾਪਤ ਨੌਜਵਾਨ ਲੋਕ ਵਿਦੇਸ਼ਾਂ ਵਿੱਚ ਗੁਰਮੀਤ ਦਾ ਪ੍ਰਚਾਰ ਕਰ ਰਹੇ ਹਨ।

ਲਾਈਫ ਲਾਈਨ ਵੈੱਲਫੇਅਰ ਕਲੱਬ ਨੇ ਲੋੜਵੰਦ ਪਰਵਾਰਾਂ ਨੂੰ ਵੰਡਿਆ ਰਾਸ਼ਨ

ਬਾਘਾ ਪੁਰਾਣਾ (ਅਨੀਸ਼ ਸਿੰਗਲਾ)-ਬਾਘਾ ਪੁਰਾਣਾ ਖੇਤਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਈਨ ਲਾਈਨ ਵੈਲਫੇਅਰ ਕਲੱਬ ਇਕ ਅਜਿਹੀ ਸੰਸਥਾ ਹੈ, ਜੋ ਪਿਛਲੇ ਲੰਮੇ ਸਮੇਂ ਤੋਂ ਸਰੂਰਤਮੰਦ ਲੋਕਾਂ ਦੀ ਸਹਾਰਤਾਂਦ ਕਰਦੀ ਹੈ। ਇਸ ਸੰਸਥਾ ਵੱਲੋਂ ਲੋਕਾਂ ਨੂੰ ਘਰੇਲੂ ਰਾਸ਼ਨ ਹੀ ਨਹੀਂ ਵੰਡਿਆ ਜਾਂਦਾ, ਸਗੋਂ ਲੋੜਵੰਦ ਪਰਵਾਰ, ਜੋ ਦਵਾਈ ਬੂਟੀ ਲਿਆਉਣ ਤੋਂ ਅਸਮਰਥ ਹਨ ਅਤੇ ਉਨ੍ਹਾਂ ਦੇ ਇਲਾਜ ਮੰਹੀਗੇ ਹਸਪਤਾਲਾਂ ਵਿੱਚ ਹੋਣੇ ਹੁੰਦੇ ਹਨ, ਨੂੰ ਠੀਕ ਕਰਵਾਉਣ ਤੱਕ ਉਨ੍ਹਾਂ ਦੀ ਲਿੰਬੋਰਾਂ ਲੈਂਦੀ ਹੈ, ਕੰਗਨਾ ਕਾਲ ਵਿੱਚ ਇਸ ਸੰਸਥਾ ਨੇ ਸਮੂਤ ਸਾਰੇ ਲੋਕਾਂ ਨੂੰ ਘਰ ਘਰ ਰਾਸ਼ਨ ਪਹੁੰਚਾਇਆ, ਜਦਕਿ ਉਸ ਸਮੇਂ ਲੋਕ ਘਰਾਂ ਤੋਂ ਤਰਦੇ ਬਾਹਰ ਨਿਕਲਦੇ ਨਹੀਂ ਸਨ ਕਿ ਕਿਤੇ ਉਹ ਬਿਮਾਰੀ ਦਾ ਸਿਕਾਰ ਨਾ ਹੋਣ ਜਾਣ।ਇਸ ਤਰ੍ਹਾਂ ਇਹ ਸੰਸਥਾ ਨਿਰਸਵਾਰਥ ਹੈ ਕੇ ਆਪਣੇਆਂ ਸੇਵਾਵਾਂ ਨਿਭਾਅ ਰਹੀ ਹੈ।ਅਪਣੀ ਸੇਵਾਵਾਂ ਨੂੰ ਜਾਰੀ ਰੱਖਿਆਂ ਅੱਜ ਲਾਈਫ ਲਾਈਨ ਵੈਲਫੇਅਰ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ 28 ਲੋੜਵੰਦ ਪਰਵਾਰਾਂ, ਜਿਨ੍ਹਾਂ ਦੇ ਘਰ ਕੋਈ ਕਮਾਉਣ ਵਾਲਾ ਨਹੀਂ ਹੈ, ਨੂੰ ਰਾਸ਼ਨ ਵੰਡਿਆਗਿਆ।ਇਸ ਮੌਕੇ ਕਲੱਬ ਆਗੂ ਰਮਨ ਅਰੋੜਾ ਨੇ ਦੱਸਿਆ ਕਿ ਕਲੱਬ ਵੱਲੋਂ ਲੋੜ ਲੁਲਾਈ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਦਿੱਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਨਵੇਆਂ ਸਕੀਮਾਂ ਤਹਿਤ ਕਾਰਜ ਕਰਨ ਲਈ ਕਲੱਬ ਵਚਨਬੱਧ ਹੈ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ।

ਹੋਲੀ ਹਾਰਟ 'ਚ ਦਾਖਲਿਆਂ ਨੂੰ ਲੈ ਕੇ ਭਾਰੀ ਉਤਸ਼ਾਹ

ਅਜੀਤਵਾਲ (ਨਛੱਤਰ ਸਿੰਘ)-ਲਿਸਾਰੇ ਦੀ ਪ੍ਰਸਿੱਧ ਵਿੱਦਿਆਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨਵੇਂ ਦਾਖਲਿਆਂ ਨੂੰ ਲੈ ਕੇ ਵਿਦਿਆਰਥੀਆਂ 'ਚ ਭਾਰੀ ਉਤਸ਼ਾਹ ਹੈ।ਸਕੂਲ ਚੇਅਰਮੈਨ ਗੁਰਪ੍ਰੀਤ ਸਿੰਘ ਮੁੰਨਾ, ਪ੍ਰਬੰਧਕ ਸੋਹੇਂਦਰ, ਰਾਮ ਤੀਰਥ, ਹੋਮ ਰਾਜ ਵਰੋਗਾ, ਲੌਕੀ ਕੁਕਰੋਜਾ ਤੇ ਹੋਰ ਹਾਜ਼ਰ ਸਨ।

ਪੱਤਰਕਾਰ ਗਗਨਦੀਪ ਕੌਰ 'ਤੇ ਪਰਚਾ ਦਰਜ ਕਰਨ ਦੀ ਨਿੰਦਾ

ਨਿਹਾਲ ਸਿੰਘ ਵਾਲਾ (ਲਖਵੀ ਗੁਮਾਰ)-ਕਰੀਬੰਦ ਤੋਂ ਪੱਤਰਕਾਰ ਗਗਨਦੀਪ ਕੌਰ ਸੈਂਪ੍ਰੋ 'ਤੇ ਦਰਜ ਪਰਚੇ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਦੋ ਦਿਨ ਦਾ ਅਲਟੀਮੇਟਮ ਦਿੱਤਾ ਹੈ ਅਤੇ ਇਸ ਦਰਜ ਹੋਏ ਪਰਚੇ ਨੂੰ ਲੈ ਕੇ ਸ਼ੋਰ-ਪੰਜਾਬ ਕਿਸਾਨ ਯੂਨੀਅਨ ਨੇ ਪੱਤਰਕਾਰ ਗਗਨਦੀਪ ਕੌਰ ਦੀ ਹਮਾਇਤ ਕੀਤੀ।ਇਸ ਸਬੰਧੀ ਪ੍ਰੇਸ਼ ਨਾਲ ਗੰਭੀਰਤਾ ਕਰਦਿਆਂ ਜਿਲ੍ਹਾ ਪ੍ਰਧਾਨ ਸ੍ਰ. ਆਤਮਾ ਸਿੰਘ ਧੁਰਕੋਟ ਨੇ ਇਸ ਨੂੰ ਲੈ ਕੇ ਸਰਕਾਰ ਦੀ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ।ਇਸ ਮੌਕੇ ਬਿੰਦਰ ਸਿੰਘ ਪ੍ਰੇਸ਼ ਸਕੱਤਰ, ਹਰਸਿੰਦਰ ਸਿੰਘ ਮੁੱਖ ਬੁਲਾਰਾ, ਦਿਲਰਾਜਮੀਤ ਸਿੰਘ ਜਨਰਲ ਸਕੱਤਰ ਆਦਿ ਹਾਜਰ ਸਨ।

'ਖੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਵੇ ਜਾਗਰੂਕ : ਡਾ. ਲਵਰਾਜ ਪਵਾਰ



ਮੁਕਤਸਰ (ਰਾਜਪਾਲ ਸਿਰਸਾ)- ਡਿਪਟੀ ਕਮਿਸ਼ਨਰ ਸ੍ਰੀ ਸੋਦੀਪ ਗਿਰੀ ਤੇ ਸਿਵਲ ਸਰਜਨ ਡਾ. ਸੰਜੇ ਕਾਮਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਲਵਰਾਜ ਪਵਾਰ ਦੀ ਅਗਵਾਈ ਵਿੱਚ ਪੀ.ਐਚ. ਸੀ. ਮੁਹਨ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੈਕਚਰ ਸਟਾਫ ਨਾਲ ਵਿਸ਼ੇਸ਼ ਮੀਟਿੰਗ ਹੋਈ। ਡਾ. ਪਵਾਰ ਨੇ ਹਾਜ਼ਰੀਨ ਨੂੰ ਕਿਹਾ ਕਿ 'ਖੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਨਸ਼ਿਆਂ ਤੋਂ ਪੀੜਤ ਮਰੀਜ਼ਾਂ ਨੂੰ ਪੂਰਿਤ ਕੀਤਾ ਜਾਵੇ ਕਿ ਉਹ ਆਪਣਾ ਇਲਾਜ ਸਰਕਾਰੀ ਸਿਹਤ ਕੇਂਦਰ ਤੋਂ ਕਰਵਾਉਣ।ਉਨ੍ਹਾਂ ਦੀਆਂ ਕਿ ਸਿਹਤ ਵਿਭਾਗ ਵੱਲੋਂ ਹਿਰ ਕੇਂਦਰ ਅਤੇ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰਾਂ ਰਾਹੀਂ ਪੀੜਤ ਮਰੀਜ਼ਾਂ ਦਾ ਇਲਾਜ ਕੀਤਾ ਜਾਣਾ ਹੈ।ਉਨ੍ਹਾਂ ਦੱਸਿਆ ਕਿ ਵਿਭਾਗ ਕੋਲ ਮਾਹਰ ਡਾਕਟਰਾਂ ਤੋਂ ਇਲਾਜਾਂ ਮਾਹਰ ਕਾਊਂਸਲਰ ਵੀ ਮੁਹੱਈਆ ਹਨ। ਸੋ ਪੀੜਤ ਵਿਅਕਤੀ ਨੂੰ ਨਸ਼ਿਆਂ ਦੀ ਗਿਰਫ਼ਤ 'ਚੋਂ ਬਾਹਰ ਕਢਿਆਂ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਕਰਨ ਦਾ ਕੰਮ ਕਰਦੇ ਹਨ। ਉਨ੍ਹਾਂ ਹਾਜ਼ਰੀਨ ਤੋਂ ਇਸ ਸ਼ੁਭ ਸਟਾਫ ਆਪੋ ਆਪਣੇ ਖੇਤਰ 'ਚ ਲੋਕਾਂ ਤੱਕ ਇਹ ਸੁਨੇਹਾ ਵੱਧ ਤੋਂ ਵੱਧ ਪਹੁੰਚਾਉਣ ਯਕੀਨੀ ਬਣਾਵੇ। ਨੋਡਿਕ ਪਾਲ ਸਿੰਘ ਬਲਾਕ ਐਜੂਕੇਟਰ ਨੇ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਵੱਲੋਂ ਸਾਂਝਿਆਂ ਕੋਸ਼ਿਸ਼ਾਂ ਨਾਲ ਹੀ ਸੰਪਲੇ ਵਾਤਾਵਰਣ ਪੈਦਾ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਜਿਲ੍ਹਾ ਪੱਧਰ 'ਤੇ ਨਸ਼ਾ ਛੁਡਾਊ ਕੇਂਦਰ ਤੇ ਮੁਫ਼ਤ ਵਸੇਬਾ ਕੇਂਦਰ ਵਿੱਚ ਸਰਕਾਰ ਵੱਲੋਂ ਨਸ਼ਾ ਛਡਾਉਣ ਲਈ ਮੁਫ਼ਤ ਸੇਵਾਵਾਂ ਉਪਲਬਧ ਹਨ ਤੇ ਓਟ ਕਲੀਨਿਕ ਵਿੱਚੋਂ ਨਸ਼ਾ ਪੀੜਤ ਵਿਅਕਤੀ ਆਪਣੇ ਘਰ ਦੇ ਨੇੜੇ ਹੀ ਆਪਣਾ ਇਲਾਜ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਲੋੜਵੰਦ ਵਿਅਕਤੀਆਂ ਨੂੰ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਤੇ ਨਸ਼ਾ ਛੱਡ ਕੇ ਇੱਕ ਚੰਗਾ ਸਿਹਤਮੰਦ ਜੀਵਨ ਜਿਉਣਾ ਚਾਹੀਦਾ।ਇਸ ਮੌਕੇ ਸਤੀਸ਼ ਕੁਮਾਰ ਜੁਨੇਜਾਂਵਲ ਸਹਾਇਕ ਵੀ ਹਾਜ਼ਰ ਸਨ।

ਫੋਕਲ ਪੁਆਇੰਟ ਵਿਖੇ 1.71 ਕਰੋੜ ਦੀ ਲਾਗਤ ਨਾਲ ਲੋਕਾਂ ਨੂੰ ਦਿੱਤੀ ਜਾਵੇਗੀ ਪੀਣ ਵਾਲੇ ਪਾਣੀ ਦੀ ਸਪਲਾਈ : ਡਾ. ਬਲਜੀਤ ਕੌਰ

ਮਲੋਟ (ਗੁਰਮੀਤ ਸਿੰਘ ਮੱਕੜ)-ਫੋਕਲ ਪੁਆਇੰਟ ਮਲੋਟ ਵਿਖੇ ਲੋਕਾਂ ਦੀ ਲਮਕੀਂਦੀ ਮੰਗ ਨੂੰ ਪੂਰਾ ਕਰਦਿਆਂ 1.71 ਕਰੋੜ ਰੁਪਏ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੀ ਸਪਲਾਈ ਮੁਹੱਈਆਂ ਕਰਵਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ ਪੰਜਾਬ ਨੇ ਦੱਸਿਆ ਕਿ ਫੋਕਲ ਪੁਆਇੰਟ ਮਲੋਟ ਦੇ ਇੰਡਸਟ੍ਰਿਯਲ ਇਲਾਕਿਆਂ 'ਚ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ ਹੈ, ਜਿਸ ਕਾਰਨ ਵੱਖ-ਵੱਖ ਸਨਅਤਾਂ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਤੇ ਮਜ਼ਦੂਰਾਂ ਨੂੰ ਦਿੱਕਤ ਆਉਂਦੀ ਹੈ। ਡਾ. ਬਲਜੀਤ ਕੌਰ ਉਦਯੋਗਾਂ ਤੇ ਵਣਜ ਮੰਤਰੀ ਸ੍ਰੀ ਤੁਰਲਮੋਹਨ ਸਿੰਘ ਸੇਖਾਂ ਪੰਜਾਬ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਨੇ ਮਲਟ ਇਲਾਕੇ ਦੀ ਇਸ ਪਿਰਕਤੀ ਮੰਗ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਫੋਕਲ ਪੁਆਇੰਟ ਵਿਖੇ ਸਥਿਤ ਸਨਅਤਾਂ ਨੂੰ ਨੇੜੇ ਦੇ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ, ਜਿਸ ਲਈ ਤਕਰੀਬਨ 4 ਕਿਲੋਮੀਟਰ ਤੋਂ ਵੱਧ ਲੰਬੀਆਂ ਪਾਈਪਾਂ ਵਿਛਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ (ਪੀ.ਐਸ.ਆਈ.ਈ.ਸੀ.) ਵੱਲੋਂ ਟੋਕਨ ਕਰ ਦਿੱਤੇ ਗਏ ਹਨ। ਇਹ ਕੰਮ ਸਬੰਧਤ ਕੰਪਨੀ ਨੂੰ ਅਲਾਟ ਕਰਕੇ ਅਗਲੇ ਛੇ ਮਹੀਨਿਆਂ 'ਚ ਇਸ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।

ਪ੍ਰਾਇਮਰੀ ਸਕੂਲ ਚੱਕ ਖੁੰਡ ਵਾਲਾ ਵਿਖੇ ਸਲਾਨਾ ਸਮਾਰੋਹ

ਸਲਾਬਤ ਕਲਾਂ (ਜੰਗੀਰ ਕੌਰ/ਜੀਤ ਕੁਮਾਰ)-ਸਰਕਾਰੀ ਪ੍ਰਾਇਮਰੀ ਸਕੂਲ ਚੱਕ ਖੁੰਡ ਵਾਲਾ ਵਿਖੇ ਸਾਲਾਨਾ ਸਮਾਰੋਹ ਤੇ ਪੰਜਵੀਂ ਸਮਾਜ ਦੇ ਬੱਚਿਆਂ ਦੀ ਵਿਦਾਈਗੀ ਪਾਰਟੀ ਕੀਤੀ ਗਈ। ਵਿੱਦਿਆਕ ਸੈਸ਼ਨ 2024-25 ਦੌਰਾਨ ਸਾਰੀਆਂ ਜਮਾਤਾਂ ਵਿਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਐਸ.ਐਮ.ਸੀ. ਕਮੇਟੀ ਦੇ ਚੇਅਰਮੈਨ ਸੁਨੀਲ ਕੁਮਾਰ, ਪਿੰਡ ਦੇ ਮੋਤਬਰ ਸਰਪੰਚ ਕਰੋਡਾ ਕੁਮਾਰ, ਜਾਬਰਾ ਸਰਪੰਚ ਸੋਹੀਰ ਸਿੰਘ, ਪੰਚ ਪਤਾਸੀਰ ਸਿੰਘ ਤੇ ਮਾਤਾ-ਪਿਤਾ ਮੌਜੂਦ ਸਨ। ਇਸ ਮੌਕੇ ਬੱਚਿਆਂ ਨੇ ਸਕਿੱਟ, ਭੰਗੜਾ, ਗਿੱਧਾ, ਕਰਿਓਗਰਾਫੀ, ਵੰਝ-ਵੰਝ ਗਾਣਿਆਂ ਦੀ ਡਾਂਸ, ਇਕ ਮਿੰਟ ਗੇਮ ਤੇ ਹੋਰ ਵੰਝ ਵੰਝ ਕਿਸਿਆਵਾਂ ਕਰਕੇ ਇਸ ਦਿਨ ਨੂੰ ਯਾਦਗਾਰੀ ਦਿਵਸ ਬਣਾਇਆ।

ਪੁਲਸ ਨੇ ਪਿਸਤੌਲ ਦਿਖਾ ਕੇ ਪੈਟਰੋਲ ਪੰਪ ਲੁੱਟਣ ਦਾ ਮਾਮਲਾ ਸੁਲਝਾਇਆ

■ ਨਸ਼ੇ ਦੀ ਪੂਰਤੀ ਲਈ ਦਿੰਦੇ ਸਨ ਵਾਰਦਾਤਾਂ ਨੂੰ ਅੰਜਾਮ

ਮਾਛੀਵਾੜਾ ਸਾਹਿਬ, (ਕੋਤੀ ਕਲਾਂ, ਜਗਦੀਸ਼ ਰਾਏ)-ਇਲਾਕੇ ਦੇ 2 ਪੈਟਰੋਲ ਪੰਪਾਂ 'ਤੇ 30 ਜਨਵਰੀ ਦੀ ਰਾਤ ਨੂੰ ਪਿਸਤੌਲ ਦਿਖਾ ਕੇ ਲੁੱਟਾਖੋਹਾਂ ਕਰਨ ਦਾ ਮਾਮਲਾ ਪੁਲਸ ਨੇ ਸੁਲਝਾ ਲਿਆ ਹੈ, ਜਿਸ ਸਬੰਧੀ 6 ਮੁਲਜ਼ਮਾਂ ਨੂੰ ਉਡੇਕਸ਼ਨ ਵਾਰੰਟ 'ਤੇ ਲਿਆ ਕੇ ਅਦਾਲਤ ਵਿਚ ਪੇਸ਼ ਕਰਨ ਉਪਰੰਤ ਰਿਮਾਂਡ ਹਾਸਿਲ ਕੀਤਾ ਗਿਆ। ਐਸ.ਐਚ.ਓ. ਹਰਵਿੰਦਰ ਸਿੰਘ ਨੇ ਦੱਸਿਆ ਕਿ ਜਨਵਰੀ ਮਹੀਨੇ ਵਿਚ ਕਿਸੇ ਕਾਰ ਸਵਾਰ 5 ਲੁਟੇਰਿਆਂ ਨੇ ਮਾਛੀਵਾੜਾ ਸਮਰਾਲਾ ਰੋਡ 'ਤੇ ਸਥਿਤ ਬੈਨੀਪਾਲ ਕਿਸਾਨ ਫਿਸ਼ਿਆ ਸਟੋਰਜ਼ ਤੇ ਗੁਰਾਣਾ ਰੋਡ 'ਤੇ ਪੈਂਦੇ ਸਤਾਬੀਰ ਵਿਲਿਸ ਸਟੇਸ਼ਨ ਤੋਂ ਪਿਸਤੌਲ ਦਿਖਾ ਕੇ ਪਚਾਰਾਂ ਹਜ਼ਾਰ ਨਕਦੀ ਲੁੱਟ ਕੇ ਫ਼ਰਾਰ ਹੋ ਗਏ ਸਨ। ਇਨ੍ਹਾਂ ਲੁਟੇਰਿਆਂ ਨੂੰ ਗ੍ਰਿਫ਼ਤਾਰ ਜਿਲ੍ਹੇ ਦੀ ਪੁਲਸ ਵੱਲੋਂ ਕਾਫ਼ੀ ਯਤਨ ਕਰਨੇ ਹੋਏ ਅਤੇ ਅੱਜ ਇਨ੍ਹਾਂ ਮੁਲਜ਼ਮਾਂ ਦੀ ਪਹਿਚਾਣ ਪੈਟਰੋਲ ਪੰਪ ਦੇ ਕਰਿਸਿਆਂ ਨੇ ਵੀ ਕੀਤੀ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਕੋਲ ਜੋ ਪਿਸਤੌਲ ਸੀ, ਉਹ ਵੀ ਚੋਰੀ ਕੀਤਾ ਸੀ ਅਤੇ ਜਿਸ ਕਾਰ 'ਤੇ ਸਵਾਰ ਹੋ ਕੇ ਆਏ ਸਨ, ਉਹ ਵੀ ਚੋਰੀ ਦੀ ਸੀ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਤੋਂ ਮੁਲਜ਼ਮਾਂ ਨੂੰ ਪੁਛਗਿਛ ਲਈ ਰਿਮਾਂਡ ਹਾਸਿਲ ਕੀਤਾ ਗਿਆ ਹੈ। ਥਾਣਾ ਮੁਖੀ ਇਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਪੈਟਰੋਲ ਪੰਪ ਤੋਂ ਲੁੱਟ, ਖੋਹ ਕਰਨੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲਗੇ ਪਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗਿਰੋਹ ਦੇ ਮੁਖੀ ਦੀ ਪਛਾਣ ਹੋਣ ਉਪਰੰਤ ਇਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਹੈ। ਥਾਣਾ ਮੁਖੀ ਇਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਪੈਟਰੋਲ ਪੰਪ ਤੋਂ ਲੁੱਟ, ਖੋਹ ਕਰਨ ਵਾਲੇ ਇਨ੍ਹਾਂ ਦੇ ਸਾਥੀ ਹੋਰ ਕਿਤੇ ਵੀ ਵਾਰਦਾਤ ਨਾ ਕਰ ਸਕਣ ਲਈ ਇਨ੍ਹਾਂ ਦੇ ਸਾਥੀ ਸੁਖਦੇਵ ਸਿੰਘ ਵਾਸੀ ਦਸਮੇਸ਼ਨਗਰ ਸਾਹਿਬ, ਹਰਜੋਤ ਸਿੰਘ ਵਾਸੀ ਮੁੱਲਾਂਵਾਲ, ਗੁਰਕੰਵਲ ਸਿੰਘ ਉਰਫ ਕੰਵਾ ਵਾਸੀ ਮੁੱਲਾਂਵਾਲ, ਕਿਸ਼ਨ ਵਾਸੀ ਹਰੀਪੁਰ ਖੇੜਾ, ਬੋਬੀ ਵਾਸੀ ਫਤਹਿਗੜ੍ਹ ਪੰਜਤੂ ਤੁਰ ਕਰਕੇ ਹੋਏ ਅਤੇ ਅੱਜ ਇਨ੍ਹਾਂ ਮੁਲਜ਼ਮਾਂ ਦੀ ਪਹਿਚਾਣ ਪੈਟਰੋਲ ਪੰਪ ਦੇ ਕਰਿਸਿਆਂ ਨੇ ਵੀ ਕੀਤੀ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਕੋਲ ਜੋ ਪਿਸਤੌਲ ਸੀ, ਉਸਦਾ ਇਨ੍ਹਾਂ ਨੇ ਨਸ਼ਾ ਖਰੀਦ ਕੇ ਸੇਵਨ ਕੀਤਾ।

ਸੰਯੁਕਤ ਕਿਸਾਨ ਮੋਰਚਾ ਪੰਜਾਬ ਭਰ 'ਚ ਕਰੇਗਾ ਕਿਸਾਨ ਪੰਚਾਇਤਾਂ : ਬਹਿਰੂ

ਦੇਵੀਗੜ੍ਹ/ਪਟਿਆਲਾ (ਰਾਜੇਸਵ ਸਿੰਘ ਵਿਰਦ)- ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਤੇ ਕਿਸਾਨ ਮਜ਼